# BUDHA DAL PUBLIC SCHOOL PATIALA

## First Term Examination (4 September 2025)

**Class - IX**

**Paper - Punjabi (Set - A)** **MM: 80**

**Time: 3 hrs.**

ਆਮ ਨਿਰਦੇਸ਼:

1. ਸਾਰੇ ਪ੍ਰਸ਼ਨ ਲਾਜ਼ਮੀ ਹਨ। ਪ੍ਰਸ਼ਨਾਂ ਵਿੱਚੋਂ ਅੰਦਰੂਨੀ ਚੋਣ ਵੀ ਦਿੱਤੀ ਗਈ ਹੈ। ਉਸਨੂੰ ਧਿਆਨ ਨਾਲ ਵੇਖ ਕੇ ਹੱਲ ਕੀਤਾ ਜਾਵੇ।
2. ਬਹੁ-ਵਿਕਲਪੀ ਪ੍ਰਸ਼ਨਾਂ ਦਾ ਉੱਤਰ ਲਿਖਦੇ ਹੋਏ ਵਿਕਲਪ ਨੰਬਰ ਦੇ ਨਾਲ-ਨਾਲ ਉੱਤਰ ਵੀ ਲਿਖਿਆ ਜਾਵੇ।
3. ਉੱਤਰਾਂ ਨੂੰ ਧਿਆਨ ਨਾਲ ਉੱਤਰ-ਸ਼ੀਟ 'ਤੇ ਦਰਜ਼ ਕੀਤਾ ਜਾਵੇ।

### ਭਾਗ-ੳ (ਪੜ੍ਹਨ-ਕੌਸ਼ਲ)

**1) ਹੇਠ ਲਿਖੇ ਵਾਰਤਕ ਪੈਰ੍ਹੇ ਨੂੰ ਪੜ੍ਹ ਕੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ:** (6×1=6)

ਪੰਜਾਬੀਆਂ ਨੂੰ ਬੀਰਤਾ ਦੀ ਰੁਚੀ ਵਿਰਾਸਤ ਵਿੱਚੋਂ ਮਿਲੀ ਹੈ। ਸ਼ੁਰੂ ਤੋਂ ਹੀ ਇਨ੍ਹਾਂ ਨੂੰ ਭਾਰਤ ਉੱਤੇ ਧਾਵਾ ਕਰਨ ਆਏ ਧਾੜਵੀਆਂ ਨਾਲ ਲੋਹਾ ਲੈਣਾ ਪਿਆ, ਪ੍ਰਦੇਸੀ ਧਾੜਵੀਆਂ ਦੀ ਈਨ ਮੰਨਣੋਂ ਇਨਕਾਰੀ ਪੰਜਾਬੀ ਰਣ ਭੂਮੀ ਵਿੱਚ ਬੀਰਤਾ ਨਾਲ ਲੜਦੇ ਰਹੇ ਯੂਨਾਨੀ ਕਾਲ ਤੋਂ ਲੈ ਕੇ ਅੰਗਰੇਜ਼ੀ ਰਾਜ ਤੱਕ ਪੰਜਾਬੀ ਤੇਗਾਂ ਵਾਹੁੰਦੇ ਰਹੇ। ਪੰਜਾਬੀਆਂ ਲਈ ਇਕ ਕਹਾਵਤ 'ਪੰਜਾਬ ਦੇ ਜਾਇਆ ਨੂੰ ਨਿੱਤ ਮੁਹਿੰਮਾਂ' ਪ੍ਰਸਿੱਧ ਹੈ। ਪੰਜਾਬੀ ਲੋਕ ਗੀਤਾਂ ਵਿੱਚ ਪੰਜਾਬੀਆਂ ਦੀ ਬੀਰਤਾ ਝਲਕਦੀ ਹੈ। ਇਨ੍ਹਾਂ ਵਿੱਚ ਪੰਜਾਬੀ ਨਾਇਕ ਹਥਿਆਰਾਂ ਨਾਲ ਲੈਸ, ਘੋੜਿਆਂ ਤੇ ਅਸਵਾਰ, ਰਾਜੇ ਦੀ ਨੌਕਰੀ ਜਾਂ ਦੇਸ਼ ਦੀ ਰੱਖਿਆ ਲਈ ਵਿਆਹੀਆਂ ਪਤਨੀਆਂ ਨੂੰ ਵਿਛੋੜਾ ਦੇ ਕੇ ਜਾਂਦੇ ਨਜ਼ਰ ਆਉਂਦੇ ਹਨ।

ਪ੍ਰ1. ਪੰਜਾਬੀਆਂ ਨੂੰ ਬੀਰਤਾ ਦੀ ਰੁਚੀ ਕਿੱਥੋਂ ਮਿਲੀ ਹੈ?

ੳ) ਪਰਿਵਾਰ ਵਿੱਚੋਂ ਅ) ਸਮਾਜ ਵਿੱਚੋਂ ੲ) ਵਿਰਾਸਤ ਵਿੱਚੋਂ ਸ) ਦੇਸ਼ ਵਿੱਚੋਂ

ਪ੍ਰ2. 'ਮੁਹਿੰਮ' ਸ਼ਬਦ ਦਾ ਅਰਥ ਲਿਖੋ।

ੳ) ਤਾਕਤ ਅ) ਲੜਾਈ ੲ) ਦੋਸਤੀ ਸ) ਸੂਰਬੀਰਤਾ

ਪ੍ਰ3. ਪੰਜਾਬੀਆਂ ਲਈ ਕਿਹੜੀ ਕਹਾਵਤ ਵਰਤੀ ਜਾਂਦੀ ਹੈ?

ੳ) ਭੱਜਦਿਆਂ ਨੂੰ ਵਾਹਣ ਇੱਕੋ ਜਿਹੇ ਅ) ਝੁੱਗਾ ਫੁਕਤਮਾਸ਼ਾ ਵੇਖਣਾ

ੲ) ਪੰਜਾਬ ਦੇ ਜਾਇਆਂ ਨੂੰ ਨਿੱਤ ਮੁਹਿੰਮਾਂ ਸ) ਚਾਦਰ ਵੇਖ ਦੇ ਪੈਰ ਪਸਾਰਨਾ

ਪ੍ਰ4. ਪੰਜਾਬੀਆਂ ਦੀ ਬੀਰਤਾ ਕਿੱਥੇ ਝਲਕਦੀ ਹੈ?

ੳ) ਲੋਕ ਗੀਤਾਂ ਵਿੱਚ ਅ) ਸੂਰਬੀਰਾਂ ਵਿੱਚ ੲ) ਲੋਕਾਂ ਵਿੱਚ ਸ) ਮੁਟਿਆਰਾਂ ਵਿੱਚ

ਪ੍ਰ5. ਪੰਜਾਬ ਨਵੀਆਂ ਮੁਹਿੰਮਾਂ ਤੇ ਕਿਸ ਨੂੰ ਵਿਛੋੜਾ ਦੇ ਕੇ ਜਾਂਦੇ ਸਨ?

ੳ) ਪਰਿਵਾਰ ਨੂੰ ਅ) ਦੇਸ਼ ਨੂੰ ੲ) ਸੱਜ ਵਿਆਹੀਆਂ ਪਤਨੀਆਂ ਨੂੰ ਸ) ਭਰਾਵਾਂ ਨੂੰ

ਪ੍ਰ6. ਉਪਰੋਕਤ ਪੈਰ੍ਹੇ ਦਾ ਢੁਕਵਾਂ ਸਿਰਲੇਖ ਲਿਖੋ।

ੳ) ਪੰਜਾਬੀਆਂ ਦੀ ਬੀਰਤਾ ਅ) ਵਿਰਾਸਤ ੲ) ਪੰਜਾਬੀਆਂ ਦੀ ਰੁਚੀ ਸ) ਇਨ੍ਹਾਂ ਵਿੱਚੋਂ ਕੋਈ ਨਹੀਂ

**2) ਹੇਠ ਲਿਖੀ ਕਾਵਿ-ਟੁਕੜੀ ਨੂੰ ਪੜ੍ਹ ਕੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ।** (1×4=4)

ਪੰਜ ਪਿਆਰੇ ਸਾਜ ਕੇ ਖਾਲਸਾ ਪੰਥ ਸਜਾਇਆ,
ਇੱਕੋ ਬਾਟੇ ਵਿੱਚ ਸੀ ਅੰਮ੍ਰਿਤ ਛਕਾਇਆ
ਉਸੇ ਬਾਟੇ ਵਿੱਚ ਅੰਮ੍ਰਿਤ ਮੂੰਹ ਨੂੰ ਲਾਇਆ,
ਆਪੇ ਗੁਰੂ ਆਪੇ ਹੀ ਚੇਲਾ ਅਖਵਾਇਆ।

A-1

Scanned with OKEN Scanner

ੳ) ਗੁਰੂ ਜੀ ਨੇ ਖਾਲਸਾ ਪੰਥ ਕਿਵੇਂ ਸਜਾਇਆ?
ਅ) ਆਪੇ ਗੁਰੂ ਆਪੇ ਚੇਲਾ ਕੌਣ ਅਖਵਾਇਆ?
ੲ) 'ਬਾਟਾ' ਤੇ 'ਅੰਮ੍ਰਿਤ' ਸ਼ਬਦ ਦਾ ਕੀ ਅਰਥ ਹੈ?
ਸ) ਗੁਰੂ ਜੀ ਨੇ ਕਿੰਨੇ ਪਿਆਰੇ ਸਾਜੇ ਸਨ?

## ਭਾਗ – ਅ (ਵਿਆਕਰਨ)

(2×1=2)

**3) ਵਿਰੋਧੀ ਸ਼ਬਦ (ਪੁੱਛੇ ਗਏ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ਦੋ ਹੱਲ ਕਰੋ):**

ੳ) ਹੇਠ ਲਿਖੇ ਵਿਕਲਪਾਂ ਵਿੱਚੋਂ ਸਹੀ ਵਿਰੋਧੀ ਜੋੜਾ ਚੁਣੋ:
1) ਵੱਸਣਾ/ਉਜੜਨਾ   2) ਹਨੇਰਾ/ਰਾਤ   3) ਦੂਰ/ਅੱਗੇ   4) ਸੂਰਜ/ਮੱਸਿਆ

ਅ) 'ਸਿਆਣਾ' ਸ਼ਬਦ ਦਾ ਵਿਰੋਧੀ ਸ਼ਬਦ ਕੀ ਹੋਵੇਗਾ?
1) ਅਕਲਮੰਦ   2) ਸਮਝਦਾਰ   3) ਬੇਵਕੂਫ   4) ਮਾਲਕ

ੲ) 'ਸੁੱਕਾ' ਸ਼ਬਦ ਦਾ ਵਿਰੋਧੀ ਸ਼ਬਦ ਚੁਣੋ:
1) ਤਪਿਆ   2) ਖੁਸ਼ਕ   3) ਪਾਣੀ   4) ਗਿੱਲਾ

(2×1=2)

**4) ਲਿੰਗ ਬਦਲੋ (ਪੁੱਛੇ ਗਏ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ਦੋ ਹੱਲ ਕਰੋ):**

ੳ) ਹੇਠ ਲਿਖੇ ਸ਼ਬਦਾਂ ਵਿੱਚੋਂ ਇਸਤਰੀ ਲਿੰਗ ਸ਼ਬਦ ਚੁਣੋ:
1) ਰਾਜਾ   2) ਹਵਾ   3) ਹਾਰ   4) ਬੱਦਲ

ਅ) ਜਿਹੜੇ ਸ਼ਬਦ ਇਸਤਰੀ ਜਾਂ ਮਾਦਾ ਭੇਦ ਨੂੰ ਪ੍ਰਗਟ ਕਰਨ ਉਨ੍ਹਾਂ ਨੂੰ ਕੀ ਕਿਹਾ ਜਾਂਦਾ ਹੈ?
1) ਲਿੰਗ   2) ਪੁਲਿੰਗ   3) ਇਸਤਰੀ ਲਿੰਗ   4) ਵਿਸ਼ੇਸ਼ਣ

ੲ) 'ਕਸਾਈ' ਸ਼ਬਦ ਦਾ ਇਸਤਰੀ ਲਿੰਗ ਚੁਣੋ:
1) ਕਸਾਈਨ   2) ਕਸੇਨ   3) ਕਸਾਇਣ   4) ਕਸਾਈਅਨ

(2×1=2)

**5) ਵਿਸਮਿਕ (ਪੁੱਛੇ ਗਏ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ਦੋ ਹੱਲ ਕਰੋ):**

ੳ) ਵਿਸਮਿਕ ਕਿੰਨੀ ਪ੍ਰਕਾਰ ਦੇ ਹੁੰਦੇ ਹਨ?
1) ਛੇ   2) ਨੌਂ   3) ਪੰਜ   4) ਸੱਤ

ਅ) 'ਦੂਰ ਫਿੱਟੇ ਮੂੰਹ!' 'ਲੱਖ ਲਾਹਨਤ!' 'ਬੇਸ਼ਰਮ'! ਸ਼ਬਦ ਕਿਸ ਪ੍ਰਕਾਰ ਦੇ ਵਿਸਮਿਕ ਹਨ?
1) ਸ਼ੋਕ-ਵਾਚਕ ਵਿਸਮਿਕ   2) ਫਿਟਕਾਰ ਵਾਚਕ ਵਿਸਮਿਕ   3) ਸੰਬੋਧਨੀ ਵਿਸਮਿਕ   4) ਸੰਬੋਧਕੀ ਵਿਸਮਿਕ

ੲ) ਸੰਬੋਧਨੀ-ਵਾਚਕ ਵਿਸਮਿਕ ਵਾਕ ਚੁਣੋ:
1) ਪੁੱਤਰ! ਮੇਰੀ ਗਲ ਸੁਣ ਕੇ ਜਾਈ।   2) ਰੁਕ ਜਾ। ਅੱਗੇ ਟੋਇਆ ਹੈ।
3) ਤੇਰਾ ਕੱਖ ਨਾ ਰਹੇ।   4) ਦਫਾ ਹੋ! ਮੇਰੇ ਨਾਲ ਗਲ ਨਾ ਕਰ।

(4+½=2)

**6) ਸ਼ਬਦ ਸ਼ੁੱਧੀ (ਕੋਈ ਚਾਰ ਕਰੋ):**

ਹੇਠ ਲਿਖੇ ਅਸ਼ੁੱਧ ਸ਼ਬਦ ਜੋੜੇ ਨੂੰ ਸ਼ੁੱਧ ਕਰਕੇ ਲਿਖੋ:
ੳ) ਦੁੱਦ   ਅ) ਸਭਿਯਤਾ   ੲ) ਕੈਹਰ   ਸ) ਪਰੇਮ   ਹ) ਅੰਨਾ

(2×1=2)

**7) ਕਿਰਿਆ (ਪੁੱਛੇ ਗਏ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ਦੋ ਹੱਲ ਕਰੋ):**

ੳ) ਵਾਕ ਵਿੱਚ ਜਿਸ ਕਿਰਿਆ ਦਾ ਕਰਤਾ ਤੇ ਕਰਮ ਦੋਵੇਂ ਹੋਣ ਉਹ ਕਿਹੜੀ ਕਿਰਿਆ ਹੁੰਦੀ ਹੈ?
ਅ) ਮੁੱਖ ਰੂਪ ਵਿੱਚ ਕਿਰਿਆ ਕਿੰਨੇ ਤਰ੍ਹਾਂ ਦੀ ਹੁੰਦੀ ਹੈ?
ੲ) ਆਕਰਮਕ ਕਿਰਿਆ ਦੀ ਇੱਕ ਉਦਾਹਰਨ ਲਿਖੋ।

**8) ਮੁਹਾਵਰੇ : ਹੇਠ ਲਿਖਿਆਂ ਵਿੱਚੋਂ ਕਿਸੇ ਦੋ ਮੁਹਾਵਰਿਆਂ ਨੂੰ ਇਸ ਤਰ੍ਹਾਂ ਵਾਕਾਂ ਵਿੱਚ ਵਰਤੋ ਕਿ ਅਰਥ ਸਪੱਸ਼ਟ ਹੋ ਜਾਣ:** (2×1=2)

ਅੱਖ ਪੁਟਣੀ,   ਇੱਟ ਘੜੇ ਦਾ ਵੈਰ,   ਉੱਘ-ਸੁੱਘ ਨਾ ਮਿਲਣਾ

Scanned with OKEN Scanner

## ਭਾਗ-ੲ (ਪ੍ਰਭਾਵਸ਼ਾਲੀ ਲਿਖਣ ਕੌਸ਼ਲ)

9) ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ 'ਇੱਕ' ਵਿਸ਼ੇ ਉੱਤੇ ਦਿੱਤੇ ਹੋਏ ਨੁਕਤਿਆਂ ਦੇ ਅਧਾਰ ਤੇ 200 ਸ਼ਬਦਾਂ ਦਾ ਲੇਖ ਲਿਖੋ: (8)

**ਨਾਨਕ ਦੁਖੀਆ ਸਭੁ ਸੰਸਾਰ**

ਨੁਕਤੇ -

ਤੁਕ ਦਾ ਅਰਥ, ਸੰਸਾਰ ਵਿੱਚ ਸਾਰੇ ਦੁੱਖੀ ਹਨ, ਦੁੱਖਾਂ ਦਾ ਮੂਲ ਕਾਰਨ, ਦੁੱਖ-ਸੁੱਖ ਜੀਵਨ ਦਾ ਹਿੱਸਾ ਹਨ, ਦੁੱਖ ਦਾਰੂ ਹੈ, ਪ੍ਰਭੂ ਸਿਮਰਨ ਹੀ ਦੁੱਖਾਂ ਦਾ ਦਾਰੂ ਹੈ, ਸਿੱਟਾ।

**ਜਾਂ**

**ਪਾਣੀ ਦਾ ਨੀਵਾਂ ਹੋ ਰਿਹਾ ਪੱਧਰ**

ਨੁਕਤੇ -

ਜਾਣ-ਪਛਾਣ, ਧਰਤੀ ਹੇਠਲੇ ਪਾਣੀ ਦੀ ਵਧੇਰੀ ਵਰਤੋਂ, ਝੋਨੇ ਦੀ ਫਸਲ ਅਤੇ ਪਾਣੀ, ਸੁਝਾਅ, ਮੀਂਹ ਦੇ ਪਾਣੀ ਦੀ ਰੀਚਾਰਜਿੰਗ, ਪਾਣੀ ਦੀ ਦੁਰਵਰਤੋਂ ਤੇ ਰੋਕ, ਸਿੱਟਾ।

**ਜਾਂ**

**ਵਿਦੇਸ਼ਾਂ ਵਿੱਚ ਜਾਣਾ ਮਜਬੂਰੀ ਜਾਂ ਲਾਲਚ**

ਨੁਕਤੇ -

ਭੂਮਿਕਾ, ਗਰੀਬੀ, ਬੇਰੁਜ਼ਗਾਰੀ, ਮਿਹਨਤਾ ਦਾ ਮੁੱਲ, ਨਸੀਬ ਨਾ ਹੋਣਾ, ਪੈਸੇ ਦਾ ਲਾਲਚ, ਭਵਿੱਖ ਦਾ ਲਾਲਚ, ਭ੍ਰਿਸ਼ਟਾਚਾਰ-ਰਹਿਤ ਜੀਵਨ, ਸਾਰੰਸ਼।

9) **ਹੇਠ ਲਿਖੇ ਨੁਕਤਿਆਂ ਦੇ ਆਧਾਰ 'ਤੇ ਕੋਈ ਇੱਕ ਪੱਤਰ ਲਿਖੋ।** (1×6=6)

ਤੁਹਾਡੇ ਮਿੱਤਰ ਦੇ ਮਾਤਾ ਜੀ ਅਚਾਨਕ ਸਵਰਗਵਾਸ ਹੋ ਗਏ ਹਨ। ਆਪਣੇ ਮਿੱਤਰ ਨੂੰ ਅਫ਼ਸੋਸ ਕਰਦਿਆਂ ਇੱਕ ਹੌਂਸਲੇ ਭਰਿਆ ਪੱਤਰ ਲਿਖੋ।

ਨੁਕਤੇ: ਮਾਤਾ ਦੀ ਮੌਤ ਬਾਰੇ ਗੁਆਂਢੀ ਦੋਸਤ ਤੇ ਫ਼ੋਨ ਤੇ ਪਤਾ ਲੱਗਣਾ, ਅਚਾਨਕ ਹੋਈ ਮੌਤ ਤੇ ਅਸਹਿ ਸਦਮਾ, ਮਾਤਾ ਜੀ ਦੇ ਨੇਕ ਵਿਚਾਰ ਤੇ ਉਨ੍ਹਾਂ ਦੀਆਂ ਦੋਸਤ ਪ੍ਰਤੀ ਆਸਾਂ, ਰੱਬ ਦੇ ਭਾਣੇ ਨੂੰ ਮੰਨਣ ਲਈ ਹੌਂਸਲਾ ਦੇਣਾ।

**ਜਾਂ**

ਤੁਹਾਡੀ ਨੌਵੀਂ ਜਮਾਤ ਤਾਜ ਮਹਿਲ ਦੀ ਵਿੱਦਿਅਕ ਯਾਤਰਾ ਤੇ ਜਾਣਾ ਚਾਹੁੰਦੀ ਹੈ। ਇਸ ਸੰਬੰਧੀ ਸਕੂਲ ਦੇ ਪ੍ਰਿੰਸੀਪਲ ਜੀ ਤੋਂ ਆਗਿਆ ਲੈਣ ਲਈ ਬਿਨੈ-ਪੱਤਰ ਲਿਖੋ।

ਨੁਕਤੇ: ਵਿਦਿਅਕ ਯਾਤਰਾ ਲਈ ਬੇਨਤੀ, ਤਾਜ ਮਹਿਲ ਦੇਖਣ ਦਾ ਵਿਚਾਰ, ਮੰਤਵ, ਯਾਤਰਾ ਲਈ ਇੰਚਾਰਜ ਅਧਿਆਪਕਾਂ ਦੀ ਲੋੜ।

10) **ਹੇਠ ਲਿਖੇ ਚਿੱਤਰ ਨੂੰ ਦੇਖ ਕੇ ਉਸਦਾ ਵਰਨਣ 50 ਤੋਂ 60 ਸ਼ਬਦਾਂ ਵਿੱਚ ਲਿਖੋ।** (4)



A - 3

Scanned with OKEN Scanner

ਭਾਗ-ਸ (ਪਾਠ ਪੁਸਤਕਾਂ ਤੇ ਅਧਾਰਤ) (5×1=5)

11) ਕਹਾਣੀ ਅਤੇ ਵਾਰਤਕ ਵਿੱਚੋਂ (ਪੁੱਛੇ ਗਏ ਛੇ ਪ੍ਰਸ਼ਨਾਂ ਵਿੱਚੋਂ ਕੋਈ ਪੰਜ ਹੱਲ ਕਰੋ):

ੳ) ਕਿਸ ਦੀ ਸਿਫ਼ਾਰਸ਼ ਨਾਲ ਜੋਤੀ ਦਾ ਨਾਂ ਬਦਲ ਦਿੱਤਾ ਗਿਆ ਸੀ?
1) ਪ੍ਰਿੰਸੀਪਲ ਦੀ 2) ਚੇਅਰਮੈਨ ਦੀ 3) ਲਖਪਤ ਰਾਏ ਦੀ 4) ਮੰਤਰੀ ਦੀ

ਅ) ਦਸ ਬਿੱਘੇ ਜ਼ਮੀਨ ਕਿਸ ਨੇ ਗਹਿਣੇ ਰੱਖੀ?
1) ਕਪੂਰ ਸਿੰਘ ਨੇ 2) ਨਾਹਰ ਸਿੰਘ ਨੇ 3) ਰਾਮ ਸਿੰਘ ਨੇ 4) ਦਰਬਾਰਾ ਸਿੰਘ ਨੇ

ੲ) ਭੇਰੇ ਦਾ ਬੱਸ ਅੱਡਾ ਕਿਹੜੇ ਦਰਵਾਜੇ ਦੇ ਨੇੜੇ ਸੀ?
1) ਬੁਲੰਦ ਦਰਵਾਜਾ 2) ਬਲੋਚੀ ਦਰਵਾਜਾ 3) ਪਿਸ਼ੌਰੀ ਦਰਵਾਜਾ 4) ਇਨ੍ਹਾਂ ਵਿਚੋਂ ਕੋਈ ਵੀ ਨਹੀਂ

ਸ) ਤਾਏ ਨੂੰ ਬੱਕਰੀ ਦੇ ਸਿੰਗਾਂ ਨਾਲ ਕੀ ਬੰਨਿਆ ਜਾਪਦਾ ਸੀ?
1) ਧਾਗਾ 2) ਛੁਰੀਆਂ 3) ਘੰਟੀ 4) ਘੁੰਗਰੂ

ਹ) ਦਰਬਾਰਾ ਸਿੰਘ ਦੇ ਪਿੰਡ ਦਾ ਪਟਵਾਰੀ ਕੌਣ ਸੀ?
1) ਰਾਮ ਰਤਨ 2) ਰਾਮ ਪ੍ਰਸ਼ਾਦ 3) ਪੰਡਤ ਈਨਾ ਨਾਥ 4) ਧੰਮਾਂ ਸਿੰਘ

ਕ) ਤਾਇਆ ਜਵਾਕ ਨੂੰ ਕਿਸ ਤੋਂ ਬਚਾਉਣਾ ਚਾਹੁੰਦਾ ਸੀ?
1) ਧੂੜ ਤੋਂ 2) ਜਰਾਸੀਮਾਂ ਤੋਂ 3) ਚੋਰਾਂ ਤੋਂ 4) ਗੰਦਗੀ

12) ਕਵਿਤਾ ਅਤੇ ਇਕਾਂਗੀ ਵਿੱਚੋਂ (ਪੁੱਛੇ ਗਏ ਛੇ ਪ੍ਰਸ਼ਨਾਂ ਵਿੱਚੋਂ ਕੋਈ ਪੰਜ ਹੱਲ ਕਰੋ): (5×1=5)

ੳ) ਮੌਨਧਾਰੀ ਇਕਾਂਗੀ ਵਿੱਚ ਪੁਲਿਸ ਕਿਸ ਦਾ ਪਿੱਛਾ ਕਰ ਰਹੀ ਹੈ?
1) ਹਰੀ ਚੰਦ ਦਾ 2) ਮਦਨ ਦਾ 3) ਸੁੰਦਰ ਦਾ 4) ਕਿਸ਼ੋਰ ਦਾ

ਅ) ਵਿਸਾਖੀ ਦਾ ਮੇਲਾ ਕਿੱਥੋਂ ਤੱਕ ਫੈਲਿਆ ਹੋਇਆ ਹੈ?
1) ਕਿਲੋਮੀਟਰ ਤੱਕ 2) ਮੀਲਾਂ ਤੱਕ 3) ਕੋਹਾਂ ਤੱਕ 4) ਸ਼ਹਿਰ ਤੱਕ

ੲ) 'ਸਮਾਂ' ਕਵਿਤਾ ਕਿਸ ਦੀ ਲਿਖੀ ਹੋਈ ਹੈ?
1) ਧਨੀ ਰਾਮ ਚਾਤ੍ਰਿਕ ਦੀ 2) ਭਾਈ ਵੀਰ ਸਿੰਘ 3) ਰਾਮ ਸਿੰਘ 4) ਸੁਜਾਨ ਸਿੰਘ

ਸ) ਮੌਨਧਾਰੀ ਇਕਾਂਗੀ ਵਿੱਚ ਮੌਨਧਾਰੀ ਦਾ ਅਸਲੀ ਨਾਂ ਕੀ ਸੀ?
1) ਕਿਸ਼ੋਰ ਚੰਦ 2) ਦੀਪ ਚੰਦ 3) ਮੁਖਤਿਆਰ ਸਿੰਘ 4) ਵੀਰ ਸਿੰਘ

ਹ) ਮੇਲੇ ਵਿੱਚ ਕਿਹੋ ਜਿਹੇ ਗਹਿਣਿਆਂ ਦੀ ਮੰਡੀ ਲੱਗੀ ਹੋਈ ਹੈ?
1) ਨਕਲੀ 2) ਸੋਨੇ ਦੀ 3) ਚਾਂਦੀ ਦੇ 4) ਅਸਲੀ

ਕ) ਕਵੀ ਦੇ ਸ਼ਹਿਰੀਏ ਢੰਗ ਦੇ ਹੋਣ ਦਾ ਕੀ ਅਰਥ ਹੈ?
1) ਆਧੁਨਿਕ ਪਹਿਰਾਵਾ 2) ਆਧੁਨਿਕ ਰਹਿਣ-ਸਹਿਣ 3) ਉੱਚੀ ਸੋਚ 4) ਉਪਰਕੋਤ ਸਾਰੇ

13) ਕਹਾਣੀ ਅਤੇ ਵਾਰਤਕ ਵਿੱਚੋਂ (ਕਿਸੇ ਚਾਰ ਪ੍ਰਸ਼ਨਾਂ ਦੇ ਉੱਤਰ ਇੱਕ ਸਤਰ ਵਿੱਚ ਦਿਓ): (4×1=4)

ੳ) ਕਪੂਰ ਸਿੰਘ ਦੇ ਪਿੰਡ ਦਾ ਸਰਪੰਚ ਕੌਣ ਸੀ?

ਅ) 'ਜਨਮ ਦਿਨ' ਕਹਾਣੀ ਕਿਸ ਦੀ ਲਿਖੀ ਹੋਈ ਹੈ?

ੲ) 'ਮੁੜ ਵੇਖਿਆ ਪਿੰਡ' ਲੇਖਕ ਦੇ ਕਿਸ ਸਫ਼ਰਨਾਮੇ ਦਾ ਹਿੱਸਾ ਹੈ?

ਸ) ਕਪੂਰ ਸਿੰਘ ਨੇ ਦਰਬਾਰੇ ਦੀ ਜੇਬ 'ਚ ਕਿੰਨੇ ਦਾ ਨੋਟ ਪਾਇਆ ਸੀ?

ਹ) ਬੁਖ਼ਾਰ ਦੇ ਵਹਿਮ ਕਾਰਨ ਤਾਏ ਨੇ ਕਿੰਨੇ ਥਰਮਾਮੀਟਰ ਭੰਨ ਸੁੱਟੇ?



Scanned with OKEN Scanner

14) ਕਹਾਣੀ ਵਾਰਤਕ ਅਤੇ ਇਕਾਂਗੀ ਵਿੱਚੋਂ (7×2=14)
(ਕਿਸੇ ਸੱਤ ਪ੍ਰਸ਼ਨਾਂ ਦੇ ਉੱਤਰ 25-30 ਸ਼ਬਦਾਂ ਵਿੱਚ ਦਿਓ):

ੳ) ਜੁਗਲ ਪ੍ਰਸ਼ਾਦ ਦੀ ਘੱਟ ਆਮਦਨ ਹੁੰਦਿਆਂ ਉਸ ਦੀ ਪਤਨੀ ਘਰ ਦਾ ਗੁਜ਼ਾਰਾ ਕਿਵੇਂ ਤੋਰਦੀ ਹੈ?

ਅ) ਕਿਸ਼ੋਰ ਜਦੋਂ ਸਾਧੂਆਂ ਨੂੰ ਘਰ ਵੇਖਦਾ ਹੈ ਤਾਂ ਕੀ ਕਹਿੰਦਾ ਹੈ?

ੲ) ਬੱਸ ਅੱਡੇ ਦਾ ਪ੍ਰਬੰਧਕ ਅਤੇ ਥਾਣੇ ਦਾ ਇੰਸਪੈਕਟਰ ਲੇਖਕ ਨਾਲ ਕਿਵੇਂ ਪੇਸ਼ ਆਏ?

ਸ) ਦਰਬਾਰਾ ਸਿੰਘ ਨੂੰ ਕਪੂਰ ਸਿੰਘ ਨਾਲ ਕੰਧ ਸਾਂਝੀ ਕਰਨ ਦੀ ਲੋੜ ਕਿਉਂ ਨਹੀਂ ਸੀ?

ਹ) ਵਹਿਮੀ ਤਾਇਆ ਲੇਖ ਲਿਖਣ ਦਾ ਉਦੇਸ਼ ਕੀ ਹੈ? ਸੰਖੇਪ ਤੇ ਢੁਕਵਾਂ ਉੱਤਰ ਦਿਓ।

ਕ) 'ਕੀ ਕਰਾਂ ਜੀ ਮਿੱਟੀ ਖਿੱਚ ਲਿਆਈ ਏ' ਇਹ ਸ਼ਬਦ ਕਿਸ ਨੇ ਕਿਸਨੂੰ ਕਹੇ?

ਖ) ਸਕੂਲ ਦੇ ਪ੍ਰਿੰਸੀਪਲ ਨੇ ਜੁਗਲ ਪ੍ਰਸ਼ਾਦ ਨੂੰ ਵਧਾਈ ਕਿਉਂ ਦਿੱਤੀ?

ਗ) ਸਰਪੰਚ ਦੇ ਖੰਘੂਰੇ ਦਾ ਦਰਬਾਰੇ ਤੇ ਕੀ ਅਸਰ ਹੋਇਆ?

**15) ਕਵਿਤਾ ਅਤੇ ਵਾਰਤਕ ਵਿੱਚੋਂ (ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 50-60 ਸ਼ਬਦਾਂ ਵਿੱਚ ਲਿਖੋ)** **(2×4=8)**

ੳ) 'ਮੈਂ ਪੰਜਾਬੀ' ਕਵਿਤਾ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।

**ਜਾਂ**

'ਵਿਸਾਖੀ ਦੇ ਮੇਲੇ' ਦਾ ਦ੍ਰਿਸ਼ ਆਪਣੇ ਸ਼ਬਦਾਂ ਵਿੱਚ ਲਿਖੋ।

ਅ) ਵਹਿਮੀ ਤਾਇਆ ਲੇਖ ਵਿੱਚੋਂ ਤਾਇਆ ਮਨਸਾ ਰਾਮ ਦੇ ਦਿਲਚਸਪ ਵਹਿਮਾਂ ਦਾ ਜ਼ਿਕਰ ਕਰੋ।

**ਜਾਂ**

'ਆਪਣਾ ਘਰ ਦੇਖ ਕੇ ਲੇਖਕ ਨੂੰ ਕਿਸ ਦੀ ਯਾਦ ਆ ਗਈ ਤੇ ਉਹ ਕਿਉਂ ਭਾਵੁਕ ਹੋ ਗਿਆ।

**16) ਇਕਾਂਗੀ ਵਿੱਚੋਂ (ਕਿਸੇ ਇੱਕ ਪ੍ਰਸ਼ਨ ਦਾ ਉੱਤਰ 50-60 ਸ਼ਬਦਾਂ ਵਿੱਚ ਲਿਖੋ)** **(1×4=4)**

ੳ) ਮਦਨ ਲਾਲ ਕਿਸ ਰੂਪ ਵਿੱਚ ਰਾਮ ਪਿਆਰੀ ਦੇ ਘਰ ਆਉਂਦਾ ਹੈ ਤੇ ਉਸਨੂੰ ਆਪਣੇ ਬਾਰੇ ਕੀ ਦੱਸਦਾ ਹੈ।

**ਜਾਂ**

'ਰਾਮ ਪਿਆਰੀ' ਦਾ ਪਾਤਰ ਚਿਤਰਨ ਕਰੋ।

A-

Scanned with OKEN Scanner